ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ

ਨਿੱਜੀ ਜਾਣਕਾਰੀ ਵਿੱਚ ਤੁਹਾਡਾ ਨਾਮ, ਸੰਪਰਕ ਵੇਰਵੇ, ਸਿਹਤ ਨਾਲ ਸੰਬੰਧਿਤ ਲੋੜਾਂ ਅਤੇ ਤੁਹਾਡੀ ਸਹਾਇਤਾ ਕਰਨ ਵਾਲੇ ਵਿਅਕਤੀ ਦੀ ਜਾਣਕਾਰੀ ਸ਼ਾਮਲ ਹੁੰਦੀ ਹੈ। ਵਿਭਾਗ ਇਹ ਜਾਣਕਾਰੀ ਫ਼ੋਨ ਰਾਹੀਂ, ਔਨਲਾਈਨ, ਈਮੇਲ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਮਿਲ ਕੇ ਇਕੱਠੀ ਕਰਦਾ ਹੈ। ਇਸ ਜਾਣਕਾਰੀ ਦੀ ਵਰਤੋਂ ਸਵਾਲਾਂ ਦੇ ਜਵਾਬ ਦੇਣ, ਤੁਹਾਡੀ ਰਜਿਸਟ੍ਰੇਸ਼ਨ ਕਰਨ, ਇਹ ਜਾਂਚ ਕਰਨ ਲਈ ਕੀਤੀ ਜਾਂਦੀ ਹੈ ਕਿ ਤੁਸੀਂ ਸੇਵਾਵਾਂ ਲਈ ਯੋਗ ਹੋ ਜਾਂ ਨਹੀਂ, ਅਤੇ ਤੁਹਾਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ।

ਤੁਹਾਡੀ ਜਾਣਕਾਰੀ ਹੋਰ ਸਰਕਾਰੀ ਏਜੰਸੀਆਂ ਅਤੇ ਦੇਖਭਾਲ ਪ੍ਰਦਾਤਾਵਾਂ ਨਾਲ ਅੱਗੇ ਸਾਂਝੀ ਕੀਤੀ ਜਾ ਸਕਦੀ ਹੈ। ਤੁਸੀਂ ਆਪਣੀ ਜਾਣਕਾਰੀ ਦੇਖਣ ਜਾਂ ਠੀਕ ਕਰਵਾਉਣ ਦੀ ਬੇਨਤੀ ਕਰ ਸਕਦੇ ਹੋ, ਅਤੇ ਜੇਕਰ ਲੋੜ ਹੋਵੇ ਤਾਂ ਸ਼ਿਕਾਇਤ ਵੀ ਕਰ ਸਕਦੇ ਹੋ। ਜਾਣਕਾਰੀ ਦੀ ਇਕੱਠੀ ਕਰਨ ਦੀ ਮੰਨਜ਼ੂਰੀ *Aged Care Act 2024* [*ਬਿਰਧ ਦੇਖਭਾਲ ਕਾਨੂੰਨ 2024*] ਅਧੀਨ ਪ੍ਰਾਪਤ ਹੈ।

ਬਿਰਧ ਦੇਖਭਾਲ ਸੇਵਾਵਾਂ ਬਾਰੇ ਪੁੱਛਗਿੱਛ

ਇਹ ਗੁਪਤਤਾ ਨੋਟਿਸ ਦੱਸਦਾ ਹੈ ਕਿ Department of Health, Disability and Ageing [ਸਿਹਤ, ਅਪੰਗਤਾ ਅਤੇ ਬੁਢਾਪਾ ਵਿਭਾਗ] (ਵਿਭਾਗ) ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਠਾ ਕਰਦਾ ਅਤੇ ਸੰਭਾਲਦਾ ਹੈ, ਜਦੋਂ ਤੁਸੀਂ My Aged Care ਰਾਹੀਂ ਬਿਰਧ ਦੇਖਭਾਲ ਪ੍ਰਣਾਲੀ ਬਾਰੇ ਪੁੱਛਗਿੱਛ ਕਰਦੇ ਹੋ ਜਾਂ ਜਾਣਕਾਰੀ ਮੰਗਦੇ ਹੋ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਤੁਹਾਡੀ ਪੁੱਛਗਿੱਛ ਦਾ ਜਵਾਬ ਦੇਣ ਲਈ ਇਕੱਠੀ ਕਰਦੇ ਹਾਂ, ਜਦੋਂ ਤੁਸੀਂ ਬਿਰਧ ਦੇਖਭਾਲ ਪ੍ਰਣਾਲੀ ਬਾਰੇ ਜਾਣਕਾਰੀ ਮੰਗਦੇ ਹੋ:

- My Aged Care ਸੰਪਰਕ ਕੇਂਦਰ ਰਾਹੀਂ, ਸਾਡੇ ਨਾਲ ਫ਼ੋਨ ਜਾਂ ਈਮੇਲ ਦੁਆਰਾ ਸੰਪਰਕ ਕਰਕੇ, ਜਾਂ
- ਕਿਸੇ Services Australia ਸੇਵਾ ਕੇਂਦਰ ਵਿੱਚ ਹਾਜ਼ਰ ਹੋ ਕੇ।

ਜੇਕਰ ਤੁਸੀਂ ਸਾਡੇ ਨਾਲ ਫ਼ੋਨ ਰਾਹੀਂ ਸੰਪਰਕ ਕਰਦੇ ਹੋ, ਤਾਂ ਅਸੀਂ ਸਿਖਲਾਈ ਅਤੇ ਗੁਣਵੱਤਾ ਦੇ ਉਦੇਸ਼ਾਂ ਲਈ ਕਾਲ ਨੂੰ ਰਿਕਾਰਡ ਕਰਦੇ ਹਾਂ, ਜਦੋਂ ਤੱਕ ਤੁਸੀਂ ਸਾਨੂੰ ਇਹ ਨਹੀਂ ਕਹਿੰਦੇ ਕਿ ਕਾਲ ਨੂੰ ਰਿਕਾਰਡ ਨਾ ਕੀਤਾ ਜਾਵੇ। ਕਾਲ ਰਿਕਾਰਡਿੰਗ ਰਾਹੀਂ, ਜੇਕਰ ਅਸੀਂ ਰਿਕਾਰਡਿੰਗ ਕਰਦੇ ਹਾਂ, ਤਾਂ ਅਸੀਂ ਉਹ ਨਿੱਜੀ ਜਾਣਕਾਰੀ ਇਕੱਠੀ ਕਰਾਂਗੇ ਜੋ ਤੁਸੀਂ ਕਾਲ ਦੌਰਾਨ ਪ੍ਰਦਾਨ ਕਰਦੇ ਹੋ।

ਤੁਹਾਡੀ ਨਿੱਜੀ ਜਾਣਕਾਰੀ ਤੋਂ ਬਿਨਾਂ, ਅਸੀਂ ਤੁਹਾਨੂੰ ਸਿਰਫ਼ ਆਮ ਜਾਣਕਾਰੀ ਪ੍ਰਦਾਨ ਕਰ ਸਕਦੇ ਹਾਂ, ਪਰ ਅਸੀਂ ਤੁਹਾਡੇ ਹਾਲਾਤਾਂ ਨੂੰ ਧਿਆਨ ਵਿੱਚ ਰੱਖ ਕੇ ਵਿਚਾਰ ਨਹੀਂ ਕਰ ਸਕਾਂਗੇ ਅਤੇ ਨਾ ਹੀ ਅਗਲੇ ਪੜਾਅ ਬਾਰੇ ਤੁਹਾਨੂੰ ਜਵਾਬ ਦੇ ਸਕਾਂਗੇ।

ਸਾਡੇ ਵੱਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ

ਅਸੀਂ ਜੋ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ, ਉਹ ਤੁਹਾਡੀ ਪੁੱਛਗਿੱਛ ਅਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕੀ ਤੁਸੀਂ My Aged Care ਨਾਲ ਰਜਿਸਟਰ ਹੋ ਜਾਂ ਨਹੀਂ। ਉਦਾਹਰਨ ਵਜੋਂ:

- ਜੇਕਰ ਤੁਸੀਂ ਰਜਿਸਟਰ ਹੋ, ਤਾਂ ਅਸੀਂ ਤੁਹਾਡਾ ਨਾਮ, ਜਨਮ ਮਿਤੀ, ਈਮੇਲ ਪਤਾ, ਏਜਡ ਕੇਅਰ ID ਜਾਂ Medicare ਨੰਬਰ ਇਕੱਠਾ ਕਰ ਸਕਦੇ ਹਾਂ, ਤਾਂ ਜੋ ਤੁਹਾਡਾ ਗਾਹਕ ਰਿਕਾਰਡ ਲੱਭਿਆ ਜਾ ਸਕੇ ਅਤੇ ਤੁਹਾਡੀ ਸਹਾਇਤਾ ਕੀਤੀ ਜਾ ਸਕੇ।
- ਜੇਕਰ ਸਾਨੂੰ ਤੁਹਾਡੇ ਨਾਲ ਦੁਬਾਰਾ ਸੰਪਰਕ ਕਰਨ ਦੀ ਲੋੜ ਪੈਂਦੀ ਹੈ, ਤਾਂ ਅਸੀਂ ਤੁਹਾਡਾ ਨਾਮ, ਸੰਪਰਕ ਵੇਰਵੇ ਅਤੇ ਤੁਹਾਡੀ ਪੁੱਛਗਿੱਛ ਬਾਰੇ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਇਕੱਠੀ ਕਰਾਂਗੇ, ਤਾਂ ਜੋ ਅਸੀਂ ਤੁਹਾਨੂੰ ਜਵਾਬ ਦੇ ਸਕੀਏ।
- ਅਸੀਂ ਹੋਰ ਨਿੱਜੀ ਜਾਣਕਾਰੀ ਵੀ ਇਕੱਠੀ ਕਰ ਸਕਦੇ ਹਾਂ, ਜਿਸ ਵਿੱਚ ਤੁਹਾਡੀ ਸਿਹਤ ਅਤੇ ਹਾਲਾਤਾਂ ਨਾਲ ਸੰਬੰਧਿਤ ਸੰਵੇਦਨਸ਼ੀਲ ਜਾਣਕਾਰੀ ਸ਼ਾਮਲ ਹੋ ਸਕਦੀ ਹੈ, ਤਾਂ ਜੋ ਅਸੀਂ ਇਹ ਪਤਾ ਲਗਾ ਸਕੀਏ ਕਿ ਤੁਹਾਡੀ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਸਹਾਇਤਾ ਕੀਤੀ ਜਾਵੇ।

ਜਦੋਂ ਤੁਸੀਂ My Aged Care ਨਾਲ ਸੰਪਰਕ ਕਰਦੇ ਹੋ ਤਾਂ ਤੁਹਾਡੇ ਲਈ ਆਪਣੀ ਪਛਾਣ ਦੱਸਣਾ ਲਾਜ਼ਮੀ ਨਹੀਂ ਹੈ। ਹਾਲਾਂਕਿ, ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਹੋ, ਤਾਂ ਅਸੀਂ ਤੁਹਾਨੂੰ ਸਿਰਫ਼ ਆਮ ਜਾਣਕਾਰੀ ਹੀ ਦੇ ਸਕਦੇ ਹਾਂ। ਤੁਸੀਂ ਆਪਣੀ ਪਛਾਣ ਦਿੱਤੇ ਬਿਨਾਂ ਬਿਰਧ ਦੇਖਭਾਲ ਸੇਵਾਵਾਂ ਲਈ ਅਰਜ਼ੀ ਨਹੀਂ ਦੇ ਸਕਦੇ ਹੋ।

Aged Care Act 2024 ਦੇ ਤਹਿਤ ਵਿਭਾਗ ਨੂੰ ਤੁਹਾਡੀ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਅਸੀਂ ਇਹ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਅਸੀਂ ਤੁਹਾਡੀ ਸਹਿਮਤੀ ਨਾਲ ਤੁਹਾਡੀ ਨਿੱਜੀ ਜਾਣਕਾਰੀ ਕਿਸੇ ਹੋਰ ਵਿਅਕਤੀ ਤੋਂ ਵੀ ਇਕੱਠੀ ਕਰ ਸਕਦੇ ਹਾਂ। ਉਦਾਹਰਨ ਵਜੋਂ, ਇਹ ਉਦੋਂ ਹੋ ਸਕਦਾ ਹੈ ਜਦੋਂ ਤੁਹਾਡਾ ਪਰਿਵਾਰਕ ਮੈਂਬਰ ਜਾਂ ਦੋਸਤ ਤੁਹਾਡੀ ਬਿਰਧ ਦੇਖਭਾਲ ਸੇਵਾ ਲੈਣ ਲਈ ਯੋਗਤਾ ਬਾਰੇ ਪੁੱਛਗਿੱਛ ਕਰਨ ਲਈ ਫ਼ੋਨ ਕਰਦਾ ਹੈ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਅੱਗੇ ਸਾਂਝੀ ਕਰਦੇ ਹਾਂ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਾਡੀ ਸੇਵਾ ਬਾਰੇ ਤੁਹਾਡੀ ਫੀਡਬੈਕ ਲੈਣ ਲਈ ਕਿਸੇ ਬਾਹਰੀ ਸਰਵੇਖਣ ਪ੍ਰਦਾਤਾ ਨਾਲ ਸਾਂਝੀ ਕਰ ਸਕਦੇ ਹਾਂ। ਅਸੀਂ ਇਹ ਸਿਰਫ਼ ਤੁਹਾਡੀ ਸਹਿਮਤੀ ਨਾਲ ਹੀ ਕਰਾਂਗੇ।

ਅਸੀਂ ਆਮ ਤੌਰ 'ਤੇ ਪੁੱਛਗਿੱਛ ਰਾਹੀਂ ਇਕੱਠੀ ਕੀਤੀ ਗਈ ਨਿੱਜੀ ਜਾਣਕਾਰੀ ਹੋਰ ਲੋਕਾਂ ਨਾਲ ਸਾਂਝੀ ਨਹੀਂ ਕਰਦੇ, ਪਰ ਤੁਹਾਡੀ ਸਹਿਮਤੀ ਨਾਲ ਜਾਂ ਜਿੱਥੇ *Aged Care Act 2024* ਅਧੀਨ ਆਗਿਆ ਹੋਵੇ, ਉੱਥੇ ਕਰ ਸਕਦੇ ਹਾਂ।

ਵਿਦੇਸ਼ੀ ਖੁਲਾਸਾ

ਆਮ ਤੌਰ 'ਤੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ੀ ਪ੍ਰਾਪਤਕਰਤਾਵਾਂ ਨਾਲ ਸਾਂਝੀ ਨਹੀਂ ਕਰਾਂਗੇ।

ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪ੍ਰਾਪਤ ਕਰ ਸਕਦੇ ਹੋ ਜਾਂ ਠੀਕ ਕਰ ਸਕਦੇ ਹੋ?

ਜੇਕਰ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਉਸ ਨੂੰ ਠੀਕ ਕਰਨ ਦੀ ਲੋੜ ਹੈ, ਤਾਂ ਤੁਸੀਂ ਇਨ੍ਹਾਂ ਤਰੀਕਿਆਂ ਰਾਹੀਂ ਕਰ ਸਕਦੇ ਹੋ:

- ਆਪਣੇ My Aged Care ਔਨਲਾਈਨ ਖਾਤੇ ਵਿੱਚ ਲੌਗਇਨ ਕਰਕੇ
- My Aged Care ਨੂੰ 1800 200 422 'ਤੇ ਫ਼ੋਨ ਕਰਕੇ
- ਕਿਸੇ Services Australia ਸੇਵਾ ਕੇਂਦਰ 'ਤੇ ਜਾ ਕੇ ਅਤੇ Aged Care Specialist Officer [ਏਜਡ ਕੇਅਰ ਸਪੈਸ਼ਲਿਸਟ ਅਫ਼ਸਰ] ਨਾਲ ਗੱਲ ਕਰਕੇ।

ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ ਅਤੇ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਲਈ My Aged Care ਦੀ ਗੁਪਤਤਾ ਨੀਤੀ ਵੇਖੋ।

My Aged Care ਗਾਹਕ ਰਿਕਾਰਡ ਲਈ ਰਜਿਸਟ੍ਰੇਸ਼ਨ: ਗਾਹਕ

ਇਹ ਪਰਦੇਦਾਰੀ ਨੋਟਿਸ ਦੱਸਦਾ ਹੈ ਕਿ Department of Health, Disability and Ageing (ਵਿਭਾਗ) ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਠਾ ਕਰਦਾ ਅਤੇ ਸੰਭਾਲਦਾ ਹੈ, ਜਦੋਂ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ My Aged Care ਨਾਲ ਰਜਿਸਟਰ ਹੁੰਦੇ ਹੋ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

My Aged Care ਨਾਲ ਨਿੱਜੀ ਰਿਕਾਰਡ ਲਈ ਰਜਿਸਟਰ ਕਰਨ ਨਾਲ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਲਈ ਅਰਜ਼ੀ ਦੇ ਸਕਦੇ ਹੋ ਅਤੇ ਉਨ੍ਹਾਂ ਬਾਰੇ ਢੁੱਕਵੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਸਾਨੂੰ ਤੁਹਾਡਾ ਨਿੱਜੀ ਰਿਕਾਰਡ ਬਣਾਉਣ ਅਤੇ ਤੁਹਾਨੂੰ ਇੱਕ ਨਿੱਜੀ ਏਜਡ ਕੇਅਰ ID ਨੰਬਰ ਦੇਣ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ।

ਇੱਕ ਵਾਰ ਰਜਿਸਟਰ ਹੋਣ ਤੋਂ ਬਾਅਦ, ਅਸੀਂ ਤੁਹਾਡੇ ਰਿਕਾਰਡ ਵਿੱਚ ਮੌਜੂਦ ਜਾਣਕਾਰੀ ਦੀ ਵਰਤੋਂ ਬਿਰਧ ਦੇਖਭਾਲ ਸੇਵਾਵਾਂ ਲਈ ਤੁਹਾਡੇ ਵੱਲੋਂ ਦਿੱਤੀ ਗਈ ਕਿਸੇ ਵੀ ਅਰਜ਼ੀ ਦਾ ਮੁਲਾਂਕਣ ਕਰਨ ਲਈ ਕਰ ਸਕਦੇ ਹਾਂ ਅਤੇ, ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ ਬਿਰਧ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਰ ਸਕਦੇ ਹਾਂ।

ਤੁਸੀਂ ਇਨ੍ਹਾਂ ਰਾਹੀਂ My Aged Care ਨਾਲ ਰਜਿਸਟਰ ਕਰ ਸਕਦੇ ਹੋ:

- My Aged Care ਸੰਪਰਕ ਕੇਂਦਰ ਨੂੰ ਕਾਲ ਕਰਕੇ
- ਕਿਸੇ Services Australia ਸੇਵਾ ਕੇਂਦਰ ਵਿੱਚ Aged Care Specialist Officer ਨਾਲ ਗੱਲ ਕਰਕੇ
- ਬਿਰਧ ਦੇਖਭਾਲ ਮੁਲਾਂਕਣ ਲਈ ਔਨਲਾਈਨ ਅਰਜ਼ੀ ਜਮ੍ਹਾ ਕਰਵਾ ਕੇ।

ਤੁਹਾਡੀ ਨਿੱਜੀ ਜਾਣਕਾਰੀ ਤੋਂ ਬਿਨਾਂ, ਅਸੀਂ ਤੁਹਾਨੂੰ My Aged Care ਨਾਲ ਰਜਿਸਟਰ ਨਹੀਂ ਕਰ ਸਕਦੇ, ਅਤੇ ਸਿਰਫ਼ ਬਿਰਧ ਦੇਖਭਾਲ ਬਾਰੇ ਆਮ ਜਾਣਕਾਰੀ ਹੀ ਦੇ ਸਕਦੇ ਹਾਂ। ਅਸੀਂ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ ਤੁਹਾਡਾ ਮੁਲਾਂਕਣ ਕਰਨ ਜਾਂ ਉਨ੍ਹਾਂ ਲਈ ਮੰਨਜ਼ੂਰੀ ਦੇਣ ਦੇ ਯੋਗ ਨਹੀਂ ਹੋਵਾਂਗੇ।

ਸਾਡੇ ਵੱਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ

ਅਸੀਂ ਹੇਠ ਲਿਖੀ ਜਾਣਕਾਰੀ ਇਕੱਠੀ ਕਰਦੇ ਹਾਂ:

- ਤੁਹਾਡਾ ਨਾਮ, ਜਨਮ ਮਿਤੀ, ਸੰਪਰਕ ਵੇਰਵੇ, ਜਨਸੰਖਿਆ ਸੰਬੰਧੀ ਜਾਣਕਾਰੀ ਅਤੇ ਸੰਬੰਧਿਤ ਪਛਾਣਕਰਤਾ (ਜਿਵੇਂ ਕਿ Medicare ਨੰਬਰ)
- ਤੁਹਾਡੀਆਂ ਤਰਜੀਹਾਂ (ਜਿਵੇਂ ਕਿ ਤੁਹਾਡੀ ਪਸੰਦੀਦਾ ਭਾਸ਼ਾ)
- ਤੁਹਾਡੇ ਹਾਲਾਤਾਂ ਅਤੇ ਦੇਖਭਾਲ ਦੀਆਂ ਲੋੜਾਂ ਬਾਰੇ ਹੋਰ ਸੰਬੰਧਤ ਜਾਣਕਾਰੀ
- ਜੇਕਰ ਤੁਹਾਡੇ ਕੋਲ ਕੋਈ ਸਹਾਇਕ ਹੈ – ਤਾਂ ਤੁਹਾਡੇ ਸਹਾਇਕ ਦੇ ਵੇਰਵੇ।

ਵਿਭਾਗ ਨੂੰ *Aged Care Act 2024* ਦੇ ਤਹਿਤ ਤੁਹਾਡੀ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਅਸੀਂ ਇਹ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਜਦੋਂ ਤੁਸੀਂ My Aged Care ਨਾਲ ਰਜਿਸਟਰ ਕਰਦੇ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਸਿੱਧੀ ਤੌਰ 'ਤੇ ਤੁਹਾਡੇ ਤੋਂ ਇਕੱਠੀ ਕਰ ਸਕਦੇ ਹਾਂ। ਤੁਹਾਡੀ ਸਹਿਮਤੀ ਨਾਲ, ਕੋਈ ਹੋਰ ਵਿਅਕਤੀ ਵੀ ਤੁਹਾਨੂੰ My Aged Care ਨਾਲ ਰਜਿਸਟਰ ਕਰ ਸਕਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਅਸੀਂ ਉਸ ਵਿਅਕਤੀ ਤੋਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਾਂਗੇ।

ਜਦੋਂ ਤੁਹਾਡੇ ਸੰਬੰਧ ਵਿੱਚ ਜਾਂ ਤੁਹਾਨੂੰ ਪ੍ਰਾਪਤ ਹੋਣ ਵਾਲੀਆਂ ਬਿਰਧ ਦੇਖਭਾਲ ਸੇਵਾਵਾਂ ਦੇ ਸੰਬੰਧ ਵਿੱਚ ਕੁੱਝ ਵੀ ਬਦਲਦਾ ਹੈ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰ ਸਕਦੇ ਹਾਂ ਅਤੇ ਇਸਨੂੰ ਤੁਹਾਡੇ ਨਿੱਜੀ ਰਿਕਾਰਡ ਵਿੱਚ ਸ਼ਾਮਲ ਕਰ ਸਕਦੇ ਹਾਂ। ਉਦਾਹਰਨ ਵਜੋਂ, ਅਸੀਂ ਇਹ ਉਦੋਂ ਕਰਾਂਗੇ ਜਦੋਂ ਅਸੀਂ ਤੁਹਾਡੇ ਬਿਰਧ ਦੇਖਭਾਲ ਮੁਲਾਂਕਣ ਬਾਰੇ ਵੇਰਵੇ ਇਕੱਠੇ ਕਰਦੇ ਹਾਂ,ਜੇਕਰ ਤੁਸੀਂ ਮੁਲਾਂਕਣ ਕਰਵਾਇਆ ਹੋਵੇ, ਜਾਂ ਜਦੋਂ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਨਾ ਸ਼ੁਰੂ ਕਰਦੇ ਹੋ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਅੱਗੇ ਸਾਂਝੀ ਕਰਦੇ ਹਾਂ?

ਤੁਹਾਡੇ ਨਿੱਜੀ ਰਿਕਾਰਡ ਵਿੱਚ ਮੌਜੂਦ ਜਾਣਕਾਰੀ *Aged Care Act 2024* ਦੇ ਅਧੀਨ ਸੁਰੱਖਿਅਤ ਹੈ। ਜਦੋਂ Aged Care Act ਦੁਆਰਾ ਆਗਿਆ ਦਿੱਤੀ ਜਾਂਦੀ ਹੈ, ਤਾਂ ਅਸੀਂ ਤੁਹਾਡੇ ਰਿਕਾਰਡ ਵਿਚਲੀ ਜਾਣਕਾਰੀ ਨੂੰ ਬਿਰਧ ਦੇਖਭਾਲ ਸੇਵਾਵਾਂ ਦੇ ਪ੍ਰਬੰਧ ਦੇ ਸੰਬੰਧ ਵਿੱਚ ਧਿਰਾਂ ਨਾਲ ਸਾਂਝਾ ਕਰ ਸਕਦੇ ਹਾਂ। ਇਨ੍ਹਾਂ ਧਿਰਾਂ ਵਿੱਚ ਸ਼ਾਮਲ ਹਨ:

- Services Australia
- Department of Veterans' Affairs [ਸਾਬਕਾ ਫੌਜੀ ਮਾਮਲਿਆਂ ਦਾ ਵਿਭਾਗ]
- National Disability Insurance Agency [ਰਾਸ਼ਟਰੀ ਅਪੰਗਤਾ ਬੀਮਾ ਏਜੰਸੀ]
- ਬਿਰਧ ਦੇਖਭਾਲ ਮੁਲਾਂਕਣਕਰਤਾ
- ਬਿਰਧ ਦੇਖਭਾਲ ਸੇਵਾ ਪ੍ਰਦਾਤਾ
- ਸਿਹਤ ਸੰਭਾਲ ਪੇਸ਼ੇਵਰ
- ਸਹਾਇਕ ਜਾਂ ਕਾਨੂੰਨੀ ਨੁਮਾਇੰਦਾ, ਜੇਕਰ ਤੁਹਾਡੇ ਕੋਲ ਕੋਈ ਹੋਵੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ *Aged Care Act 2024* ਅਨੁਸਾਰ ਵੀ ਅੱਗੇ ਸਾਂਝਾ ਕਰ ਸਕਦੇ ਹਾਂ, ਜਦੋਂ:

- ਅਸੀਂ Aged Care Quality and Safety Commission [ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ] ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ, ਜਿੱਥੇ ਇਹ ਉਨ੍ਹਾਂ ਨੂੰ ਆਪਣੇ ਕਾਰਜਾਂ ਨੂੰ ਲਾਗੂ ਕਰਨ ਲਈ ਲੋੜੀਂਦੀਆਂ ਹੁੰਦੀਆਂ ਹਨ (ਉਦਾਹਰਨ ਵਜੋਂ, ਕਿਸੇ ਸ਼ਿਕਾਇਤ ਨਾਲ ਸੰਬੰਧਿਤ ਮਾਮਲੇ ਵਿੱਚ), ਜਾਂ
- ਤੁਸੀਂ ਆਪਣੀ ਸਹਿਮਤੀ ਦਿੰਦੇ ਹੋ (ਉਦਾਹਰਨ ਵਜੋਂ, ਜਦੋਂ ਤੁਸੀਂ ਆਪਣੀ ਮੁਲਾਂਕਣ ਯੋਜਨਾ ਆਪਣੇ My Health Record ਵਿੱਚ ਅੱਪਲੋਡ ਕਰਨ ਲਈ ਸਹਿਮਤ ਹੁੰਦੇ ਹੋ)।

ਵਿਦੇਸ਼ੀ ਖੁਲਾਸਾ

ਅਸੀਂ ਆਮ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਆਸਟ੍ਰੇਲੀਆ ਤੋਂ ਬਾਹਰ ਸਿਰਫ਼ ਤਾਂ ਹੀ ਕਰਾਂਗੇ, ਜੇਕਰ ਤੁਸੀਂ ਜਾਂ ਤੁਹਾਡਾ ਸਹਾਇਕ My Aged Care ਨੂੰ ਕਾਲ ਕਰਦੇ ਹੋ, My Aged Care ਔਨਲਾਈਨ ਖਾਤੇ ਰਾਹੀਂ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਦੇ ਹੋ, ਜਾਂ ਕਿਸੇ ਹੋਰ ਤਰੀਕੇ ਨਾਲ ਈਮੇਲ ਜਾਂ SMS ਰਾਹੀਂ ਸਾਡੇ ਤੋਂ ਜਾਣਕਾਰੀ ਪ੍ਰਾਪਤ ਕਰਦੇ ਹੋ ਜਦੋਂ ਤੁਸੀਂ ਜਾਂ ਉਹ ਵਿਦੇਸ਼ ਵਿੱਚ ਹੁੰਦੇ ਹੋ।

ਆਮ ਤੌਰ 'ਤੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ੀ ਪ੍ਰਾਪਤਕਰਤਾਵਾਂ ਨਾਲ ਸਾਂਝੀ ਨਹੀਂ ਕਰਾਂਗੇ।

ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪ੍ਰਾਪਤ ਕਰ ਸਕਦੇ ਹੋ ਜਾਂ ਠੀਕ ਕਰ ਸਕਦੇ ਹੋ?

ਜੇਕਰ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਉਸ ਨੂੰ ਠੀਕ ਕਰਨ ਦੀ ਲੋੜ ਹੈ, ਤਾਂ ਤੁਸੀਂ ਇਨ੍ਹਾਂ ਤਰੀਕਿਆਂ ਰਾਹੀਂ ਕਰ ਸਕਦੇ ਹੋ:

- ਆਪਣੇ My Aged Care ਔਨਲਾਈਨ ਖਾਤੇ ਨੂੰ ਅੱਪਡੇਟ ਕਰਕੇ
- My Aged Care ਨੂੰ 1800 200 422 'ਤੇ ਫ਼ੋਨ ਕਰਕੇ
- ਕਿਸੇ Services Australia ਸੇਵਾ ਕੇਂਦਰ 'ਤੇ ਜਾ ਕੇ ਅਤੇ Aged Care Specialist Officer ਨਾਲ ਗੱਲ ਕਰਕੇ।

ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ ਅਤੇ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਲਈ My Aged Care ਦੀ ਗੁਪਤਤਾ ਨੀਤੀ ਵੇਖੋ।

My Aged Care ਲਈ ਰਜਿਸਟ੍ਰੇਸ਼ਨ: ਸਹਾਇਕ

ਇਹ ਗੁਪਤਤਾ ਨੋਟਿਸ ਦੱਸਦਾ ਹੈ ਕਿ Department of Health, Disability and Ageing (ਵਿਭਾਗ) ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਠਾ ਕਰਦਾ ਹੈ ਅਤੇ ਪ੍ਰਬੰਧਿਤ ਕਰਦਾ ਹੈ, ਜਦੋਂ ਤੁਸੀਂ My Aged Care ਵਿੱਚ ਕਿਸੇ ਬਿਰਧ ਆਸਟ੍ਰੇਲੀਆਈ (ਗਾਹਕ) ਦੇ ਸਹਾਇਕ ਵਜੋਂ ਆਪਣਾ ਰਿਕਾਰਡ ਰਜਿਸਟਰ ਕਰਵਾਉਂਦੇ ਹੋ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

My Aged Care ਵਿੱਚ ਰਿਕਾਰਡ ਲਈ ਰਜਿਸਟਰ ਕਰਨਾ, ਗਾਹਕ ਦੇ ਸਹਾਇਕ ਵਜੋਂ ਆਪਣੀ ਰਜਿਸਟ੍ਰੇਸ਼ਨ ਪੂਰੀ ਕਰਨ ਦਾ ਇੱਕ ਲਾਜ਼ਮੀ ਕਦਮ ਹੈ। ਕਿਸੇ ਸਹਾਇਕ, ਗਾਹਕ ਨੂੰ ਬਿਰਧ ਦੇਖਭਾਲ ਸੇਵਾਵਾਂ ਲੱਭਣ ਜਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਜਾਂ *Aged Care Act 2024* (ਇਸ ਕਾਨੂੰਨ) ਦੇ ਤਹਿਤ ਜਾਂ ਇਸ ਦੇ ਉਦੇਸ਼ਾਂ ਲਈ ਕਿਸੇ ਵੀ ਕੰਮ ਵਿੱਚ ਗਾਹਕ ਦੀ ਸਹਾਇਤਾ ਕਰ ਸਕਦਾ ਹੈ, ਆਮਦਨੀ ਅਤੇ ਸੰਪਤੀ ਜਾਂਚ ਤੋਂ ਇਲਾਵਾ। ਗਾਹਕ ਦੀ ਸਹਿਮਤੀ ਨਾਲ, ਜਾਂ ਕਾਨੂੰਨ ਦੇ ਤਹਿਤ ਕਿਸੇ ਹੋਰ ਤਰੀਕੇ ਨਾਲ ਅਧਿਕਾਰਤ ਹੋਣ ਦੀ ਸਥਿਤੀ ਵਿੱਚ, ਸਹਾਇਕ ਨੂੰ ਵੀ ਉਹ ਜਾਣਕਾਰੀ ਜਾਂ ਦਸਤਾਵੇਜ਼ ਪ੍ਰਾਪਤ ਹੋ ਸਕਦੇ ਹਨ ਜੋ ਕਾਨੂੰਨ ਅਨੁਸਾਰ ਗਾਹਕ ਨੂੰ ਦਿੱਤੇ ਜਾਣੇ ਲਾਜ਼ਮੀ ਹਨ ਜਾਂ ਦਿੱਤੇ ਜਾ ਸਕਦੇ ਹਨ।

ਸਾਨੂੰ ਤੁਹਾਡਾ ਨਿੱਜੀ ਰਿਕਾਰਡ ਬਣਾਉਣ ਅਤੇ ਤੁਹਾਨੂੰ ਇੱਕ ਨਿੱਜੀ ਏਜਡ ਕੇਅਰ ID ਨੰਬਰ ਦੇਣ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ।

ਇੱਕ ਵਾਰ ਜਦੋਂ ਤੁਸੀਂ My Aged Care ਨਾਲ ਰਜਿਸਟਰ ਹੋ ਜਾਂਦੇ ਹੋ, ਤਾਂ ਤੁਸੀਂ ਗਾਹਕ ਦੀ ਸਹਿਮਤੀ ਨਾਲ ਉਸਦੇ ਲਈ ਇੱਕ ਰਜਿਸਟਰਡ ਸਹਾਇਕ ਬਣ ਸਕਦੇ ਹੋ। ਫਿਰ ਤੁਸੀਂ ਉਨ੍ਹਾਂ ਦੀ ਇੱਛਾ ਅਨੁਸਾਰ ਜਾਣਕਾਰੀ ਪ੍ਰਦਾਨ ਅਤੇ ਪ੍ਰਾਪਤ ਕਰ ਸਕਦੇ ਹੋ।

ਅਸੀਂ ਤੁਹਾਡੇ ਰਿਕਾਰਡ ਵਿੱਚ ਮੌਜੂਦ ਜਾਣਕਾਰੀ ਦੀ ਵਰਤੋਂ ਤੁਹਾਨੂੰ ਸਹਾਇਕ ਵਜੋਂ ਰਜਿਸਟਰ ਕਰਨ ਲਈ ਕੀਤੀ ਗਈ ਕਿਸੇ ਵੀ ਅਰਜ਼ੀ ਦਾ ਮੁਲਾਂਕਣ ਕਰਨ ਲਈ ਕਰ ਸਕਦੇ ਹਾਂ। ਜੇਕਰ ਤੁਸੀਂ ਰਜਿਸਟਰ ਹੋ ਜਾਂਦੇ ਹੋ, ਤਾਂ ਅਸੀਂ ਤੁਹਾਡੇ ਰਿਕਾਰਡ ਵਿੱਚ ਮੌਜੂਦ ਜਾਣਕਾਰੀ ਦੀ ਵਰਤੋਂ ਇਸ ਲਈ ਵੀ ਕਰਾਂਗੇ ਕਿ ਤੁਸੀਂ ਕਿਸੇ ਵਿਅਕਤੀ ਨੂੰ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਨ ਵਾਲੀ ਆਪਣੀ ਭੂਮਿਕਾ ਨਿਭਾ ਸਕੋ, ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਸਹਾਇਕ ਹੋਣ ਲਈ ਲਗਾਤਾਰ ਯੋਗਤਾ ਰੱਖਦੇ ਹੋ।

ਤੁਸੀਂ ਇਨ੍ਹਾਂ ਰਾਹੀਂ My Aged Care ਨਾਲ ਰਜਿਸਟਰ ਕਰ ਸਕਦੇ ਹੋ:

- My Aged Care ਸੰਪਰਕ ਕੇਂਦਰ ਨੂੰ ਕਾਲ ਕਰਕੇ
- ਕਿਸੇ Services Australia ਸੇਵਾ ਕੇਂਦਰ ਵਿੱਚ Aged Care Specialist Officer ਨਾਲ ਗੱਲ ਕਰਕੇ
- ਗਾਹਕ ਨੂੰ ਬਿਰਧ ਦੇਖਭਾਲ ਮੁਲਾਂਕਣ ਲਈ ਔਨਲਾਈਨ ਅਰਜ਼ੀ ਜਮ੍ਹਾ ਕਰਵਾਉਣ ਵਿੱਚ ਸਹਾਇਤਾ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ
- ਕਿਸੇ ਬਿਰਧ ਦੇਖਭਾਲ ਮੁਲਾਂਕਣਕਰਤਾ ਨਾਲ ਗੱਲ ਕਰਕੇ
- Registration of a Supporter form [ਸਹਾਇਕ ਵਜੋਂ ਰਜਿਸਟ੍ਰੇਸ਼ਨ ਦਾ ਫਾਰਮ] ਜਮ੍ਹਾ ਕਰਵਾ ਕੇ।

ਤੁਹਾਡੀ ਨਿੱਜੀ ਜਾਣਕਾਰੀ ਤੋਂ ਬਿਨਾਂ, ਅਸੀਂ ਤੁਹਾਨੂੰ My Aged Care ਰਿਕਾਰਡ ਨਾਲ ਰਜਿਸਟਰ ਨਹੀਂ ਕਰ ਸਕਦੇ ਜਾਂ ਤੁਹਾਨੂੰ ਸਹਾਇਕ ਵਜੋਂ ਰਜਿਸਟਰ ਨਹੀਂ ਕਰ ਸਕਦੇ ਹਾਂ। ਇਸ ਸਥਿਤੀ ਵਿੱਚ, ਅਸੀਂ ਤੁਹਾਨੂੰ ਸਿਰਫ਼ ਬਿਰਧ ਦੇਖਭਾਲ ਬਾਰੇ ਆਮ ਜਾਣਕਾਰੀ ਹੀ ਦੇ ਸਕਾਂਗੇ। ਤੁਸੀਂ ਸਹਾਇਕ ਵਜੋਂ ਗਾਹਕ ਲਈ ਜਾਣਕਾਰੀ ਪ੍ਰਾਪਤ ਕਰਨ ਜਾਂ ਸਾਂਝੀ ਕਰਨ ਦੇ ਯੋਗ ਨਹੀਂ ਹੋਵੋਗੇ।

ਸਾਡੇ ਵੱਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ

ਅਸੀਂ ਹੇਠ ਲਿਖੀ ਜਾਣਕਾਰੀ ਇਕੱਠੀ ਕਰਦੇ ਹਾਂ:

- ਤੁਹਾਡਾ ਨਾਮ, ਜਨਮ ਮਿਤੀ, ਸੰਪਰਕ ਵੇਰਵੇ, ਅਤੇ ਸੰਬੰਧਿਤ ਪਛਾਣਕਰਤਾ (ਜਿਵੇਂ ਕਿ Medicare ਨੰਬਰ)
- ਗਾਹਕ ਦੇ ਵੇਰਵੇ
- ਗਾਹਕ ਨਾਲ ਤੁਹਾਡੇ ਸੰਬੰਧ ਬਾਰੇ ਜਾਣਕਾਰੀ
- ਗਾਹਕ ਦੇ ਸਹਾਇਕ ਬਣਨ ਲਈ ਤੁਹਾਡੇ ਯੋਗਤਾ ਰੱਖਣ ਜਾਂ ਕਾਨੂੰਨੀ ਸਮਰੱਥਾ ਹੋਣ ਬਾਰੇ ਜਾਣਕਾਰੀ।

ਵਿਭਾਗ ਨੂੰ *Aged Care Act 2024* ਦੇ ਤਹਿਤ ਤੁਹਾਡੀ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਅਸੀਂ ਇਹ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਆਮ ਤੌਰ 'ਤੇ, ਜਦੋਂ ਤੁਸੀਂ My Aged Care ਨਾਲ ਰਜਿਸਟਰ ਕਰਦੇ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਤੁਹਾਡੇ ਤੋਂ ਹੀ ਇਕੱਠੀ ਕਰਦੇ ਹਾਂ। ਤੁਹਾਡੀ ਸਹਿਮਤੀ ਨਾਲ, ਕੋਈ ਹੋਰ ਵਿਅਕਤੀ ਵੀ ਤੁਹਾਨੂੰ My Aged Care ਨਾਲ ਰਜਿਸਟਰ ਕਰ ਸਕਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਅਸੀਂ ਉਸ ਵਿਅਕਤੀ ਤੋਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਾਂਗੇ।

ਅਸੀਂ ਸਹਾਇਕ ਹੋਣ ਲਈ ਤੁਹਾਡੇ ਯੋਗਤਾ ਰੱਖਣ ਬਾਰੇ ਜਾਂ ਸਮਰੱਥਾ ਬਾਰੇ ਜਾਣਕਾਰੀ ਹੋਰ ਲੋਕਾਂ ਜਾਂ ਸੰਸਥਾਵਾਂ ਤੋਂ ਵੀ ਇਕੱਠੀ ਕਰ ਸਕਦੇ ਹਾਂ, ਚਾਹੇ ਸਹਾਇਕ ਵਜੋਂ ਕਿਸੇ ਵੀ ਰਜਿਸਟ੍ਰੇਸ਼ਨ ਤੋਂ ਪਹਿਲਾਂ ਜਾਂ ਬਾਅਦ।

ਜਦੋਂ ਤੁਸੀਂ ਸਮੇਂ-ਸਮੇਂ 'ਤੇ ਆਪਣਾ ਰਿਕਾਰਡ ਅੱਪਡੇਟ ਕਰਦੇ ਹੋ, ਤਾਂ ਅਸੀਂ ਉਦੋਂ ਵੀ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਅੱਗੇ ਸਾਂਝੀ ਕਰਦੇ ਹਾਂ?

ਤੁਹਾਡੇ My Aged Care ਰਿਕਾਰਡ ਵਿੱਚ ਮੌਜੂਦ ਜਾਣਕਾਰੀ *Aged Care Act 2024* ਦੇ ਅਧੀਨ ਸੁਰੱਖਿਅਤ ਹੈ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਸਿਰਫ਼ ਤਾਂ ਹੀ ਕਰ ਸਕਦੇ ਹਾਂ ਜਦੋਂ ਉਸ ਕਾਨੂੰਨ ਅਧੀਨ ਇਸ ਦੀ ਆਗਿਆ ਹੋਵੇ, ਜਿਸ ਵਿੱਚ ਇਹ ਹਾਲਾਤ ਵੀ ਸ਼ਾਮਲ ਹਨ ਜਦੋਂ:

- ਅਸੀਂ ਤੁਹਾਡੀ ਨਿੱਜੀ ਜਾਣਕਾਰੀ (ਸਹਾਇਕ ਵਜੋਂ ਤੁਹਾਡੀ ਰਜਿਸਟ੍ਰੇਸ਼ਨ ਦੀ ਸਥਿਤੀ, ਨਾਮ ਅਤੇ ਸੰਪਰਕ ਵੇਰਵੇ) ਨੂੰ, ਜਿਸ ਵਿਅਕਤੀ ਦੀ ਤੁਸੀਂ ਸਹਾਇਤਾ ਕਰਦੇ ਹੋ, ਉਸਦੇ ਹੋਰ ਸਹਾਇਕਾਂ, ਬਿਰਧ ਦੇਖਭਾਲ ਮੁਲਾਂਕਣਕਰਤਾਵਾਂ ਅਤੇ ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਨਾਲ ਸਾਂਝਾ ਕਰਦੇ ਹਾਂ।
- ਜੇਕਰ ਕੋਈ ਹੋਰ ਵਿਅਕਤੀ ਤੁਹਾਨੂੰ ਸਹਾਇਕ ਬਣਾਉਣ ਲਈ ਅਰਜ਼ੀ ਦਿੰਦਾ ਹੈ, ਤਾਂ ਉਦੋਂ ਜਦੋਂ ਅਸੀਂ ਉਸਨੂੰ ਉਸ ਅਰਜ਼ੀ ਦੇ ਨਤੀਜੇ ਬਾਰੇ ਦੱਸਦੇ ਹਾਂ।
- ਅਸੀਂ Aged Care Quality and Safety Commission ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ, ਜਦੋਂ ਉਨ੍ਹਾਂ ਨੂੰ ਆਪਣੇ ਕੰਮ ਕਰਨ ਲਈ ਇਸ ਦੀ ਲੋੜ ਹੋਵੇ (ਉਦਾਹਰਨ ਵਜੋਂ, ਕਿਸੇ ਸ਼ਿਕਾਇਤ ਦੇ ਸੰਬੰਧ ਵਿੱਚ)।
- ਤੁਸੀਂ ਸਹਿਮਤੀ ਦਿੰਦੇ ਹੋ।

ਵਿਦੇਸ਼ੀ ਖੁਲਾਸਾ

ਆਮ ਤੌਰ 'ਤੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਆਸਟ੍ਰੇਲੀਆ ਤੋਂ ਬਾਹਰ ਸਿਰਫ਼ ਤਾਂ ਹੀ ਕਰਾਂਗੇ ਜੇਕਰ ਤੁਸੀਂ, ਤੁਹਾਡਾ ਗਾਹਕ ਜਾਂ ਕੋਈ ਹੋਰ ਸਹਾਇਕ ਵਿਦੇਸ਼ ਵਿੱਚ ਹੋਵੇ ਅਤੇ ਤੁਹਾਡੀ ਨਿੱਜੀ ਜਾਣਕਾਰੀ ਵਾਲੇ My Aged Care ਔਨਲਾਈਨ ਖਾਤੇ ਤੱਕ ਪਹੁੰਚ ਕਰੇ। ਇਹ ਉਸ ਸਥਿਤੀ ਵਿੱਚ ਵੀ ਹੋ ਸਕਦਾ ਹੈ ਜੇਕਰ ਤੁਸੀਂ ਜਾਂ ਉਹ ਵਿਦੇਸ਼ ਵਿੱਚ ਹੋਣ ਦੌਰਾਨ My Aged Care ਨੂੰ ਕਾਲ ਕਰੋ, ਜਾਂ ਵਿਦੇਸ਼ ਵਿੱਚ ਹੋਣ ਸਮੇਂ ਈਮੇਲ ਜਾਂ SMS ਰਾਹੀਂ My Aged Care ਤੋਂ ਕਿਸੇ ਹੋਰ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਕਰੋ।

ਆਮ ਤੌਰ 'ਤੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ੀ ਪ੍ਰਾਪਤਕਰਤਾਵਾਂ ਨਾਲ ਸਾਂਝੀ ਨਹੀਂ ਕਰਾਂਗੇ।

ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪ੍ਰਾਪਤ ਕਰ ਸਕਦੇ ਹੋ ਜਾਂ ਠੀਕ ਕਰ ਸਕਦੇ ਹੋ?

ਜੇਕਰ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਉਸ ਨੂੰ ਠੀਕ ਕਰਨ ਦੀ ਲੋੜ ਹੈ, ਤਾਂ ਤੁਸੀਂ ਇਨ੍ਹਾਂ ਤਰੀਕਿਆਂ ਰਾਹੀਂ ਕਰ ਸਕਦੇ ਹੋ:

- ਆਪਣੇ My Aged Care ਔਨਲਾਈਨ ਖਾਤੇ ਵਿੱਚ ਲੌਗਇਨ ਕਰਕੇ
- My Aged Care ਨੂੰ 1800 200 422 'ਤੇ ਫ਼ੋਨ ਕਰਕੇ
- ਕਿਸੇ Services Australia ਸੇਵਾ ਕੇਂਦਰ 'ਤੇ ਜਾ ਕੇ ਅਤੇ Aged Care Specialist Officer ਨਾਲ ਗੱਲ ਕਰਕੇ।

ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ ਅਤੇ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਲਈ My Aged Care ਦੀ ਗੁਪਤਤਾ ਨੀਤੀ ਵੇਖੋ।

ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣ ਲਈ ਅਰਜ਼ੀ ਜਾਂ ਰੈਫ਼ਰਲ

ਇਹ ਗੁਪਤਤਾ ਨੋਟਿਸ ਦੱਸਦਾ ਹੈ ਕਿ Department of Health, Disability and Ageing (ਵਿਭਾਗ) ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦਾ ਹੈ ਅਤੇ ਪ੍ਰਬੰਧਿਤ ਕਰਦਾ ਹੈ, ਜਦੋਂ ਤੁਹਾਡੇ ਲਈ ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣ (ਜਾਂ ਮੁੜ-ਮੁਲਾਂਕਣ) ਲਈ ਅਰਜ਼ੀ ਜਾਂ ਰੈਫ਼ਰਲ ਦਿੱਤਾ ਜਾਂਦਾ ਹੈ।

ਵਿਭਾਗ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦਾ ਹੈ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਇਨ੍ਹਾਂ ਲਈ ਇਕੱਠੀ ਕਰਦੇ ਹਾਂ:

- ਇਹ ਨਿਰਧਾਰਤ ਕਰਨ ਲਈ ਕਿ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਲਈ ਯੋਗ ਹੋ ਜਾਂ ਨਹੀਂ
- ਬਿਰਧ ਦੇਖਭਾਲ ਸੇਵਾਵਾਂ ਲਈ ਤੁਹਾਡੀ ਤਰਜੀਹ ਨਿਰਧਾਰਤ ਕਰ ਸਕੀਏ
- ਜੇਕਰ ਤੁਸੀਂ ਯੋਗ ਨਹੀਂ ਹੋ, ਤਾਂ ਤੁਹਾਨੂੰ ਇਸ ਬਾਰੇ ਸੂਚਿਤ ਕਰਨ ਲਈ
- ਜੇਕਰ ਤੁਸੀਂ ਯੋਗ ਹੋਵੋ, ਤਾਂ ਤੁਹਾਨੂੰ ਕਿਸੇ ਮੁਲਾਂਕਣ ਸੰਸਥਾ ਕੋਲ ਰੈਫ਼ਰ ਕਰਨ ਅਤੇ ਬਿਰਧ ਦੇਖਭਾਲ ਸੇਵਾਵਾਂ ਤੱਕ ਤੁਹਾਡੀ ਪਹੁੰਚ ਵਿੱਚ ਸਹਾਇਤਾ ਕਰਨ ਲਈ।

ਇੱਕ ਬਿਰਧ ਦੇਖਭਾਲ ਮੁਲਾਂਕਣਕਰਤਾ ਤੁਹਾਡੀਆਂ ਬਿਰਧ ਦੇਖਭਾਲ ਲੋੜਾਂ ਦਾ ਪਤਾ ਲਗਾਉਣ ਲਈ ਤੁਹਾਡੀ ਅਰਜ਼ੀ ਜਾਂ ਰੈਫ਼ਰਲ ਵਿੱਚ ਮੌਜੂਦ ਜਾਣਕਾਰੀ ਦੇ ਨਾਲ-ਨਾਲ ਤੁਹਾਡੇ ਨਿੱਜੀ ਰਿਕਾਰਡ ਵਿਚਲੀ ਜਾਣਕਾਰੀ ਦੀ ਵੀ ਵਰਤੋਂ ਕਰੇਗਾ, ਅਤੇ ਇਸ ਬਾਰੇ ਫ਼ੈਸਲਾ ਕਰੇਗਾ ਕਿ ਤੁਹਾਨੂੰ ਕਿਹੜੀਆਂ ਸੇਵਾਵਾਂ ਦੀ ਲੋੜ ਹੈ।

ਜੇਕਰ ਅਸੀਂ ਤੁਹਾਡੀ ਜਾਣਕਾਰੀ ਇਕੱਠੀ ਨਾ ਕਰੀਏ, ਤਾਂ ਅਸੀਂ ਤੁਹਾਡੀਆਂ ਲੋੜਾਂ ਦਾ ਪਤਾ ਨਹੀਂ ਲਗਾ ਸਕਾਂਗੇ ਅਤੇ ਬਿਰਧ ਦੇਖਭਾਲ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਨਹੀਂ ਕਰ ਸਕਾਂਗੇ।

ਸਾਡੇ ਵੱਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ

ਅਸੀਂ ਜੋ ਜਾਣਕਾਰੀ ਇਕੱਠੀ ਕਰਦੇ ਹਾਂ, ਉਸ ਵਿੱਚ ਤੁਹਾਡੀ ਇਹ ਜਾਣਕਾਰੀ ਸ਼ਾਮਲ ਹੁੰਦੀ ਹੈ:

- ਨਾਮ, ਜਨਮ ਮਿਤੀ, ਜਨਸੰਖਿਆ ਸੰਬੰਧੀ ਜਾਣਕਾਰੀ ਅਤੇ ਸੰਪਰਕ ਵੇਰਵੇ
- ਕਾਰਜਕੁਸ਼ਲ ਸਮਰੱਥਾ (ਰੋਜ਼ਮਰ੍ਹਾ ਦੀਆਂ ਗਤੀਵਿਧੀਆਂ ਕਰਨ ਦੀ ਯੋਗਤਾ)
- ਮਨੋ-ਸਮਾਜਿਕ ਲੋੜਾਂ (ਮਾਨਸਿਕ ਸਿਹਤ ਨਾਲ ਸੰਬੰਧਿਤ ਜਾਣਕਾਰੀ)
- ਮੌਜੂਦਾ ਹਾਲਾਤ ਅਤੇ ਸਹਾਇਤਾਵਾਂ
- ਸਹਾਇਕ ਜਾਂ ਹੋਰ ਕੋਈ ਸੰਬੰਧਿਤ ਰਿਸ਼ਤੇ ਬਾਰੇ ਜਾਣਕਾਰੀ, ਜੇਕਰ ਹੋਵੇ ਤਾਂ
- ਰੈਫ਼ਰਲ ਦਾ ਕਾਰਨ, ਜੇਕਰ ਲਾਗੂ ਹੁੰਦਾ ਹੋਵੇ।

ਵਿਭਾਗ ਨੂੰ *Aged Care Act 2024* ਦੇ ਤਹਿਤ ਤੁਹਾਡੀ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਅਸੀਂ ਇਹ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਜੇਕਰ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਲਈ ਅਰਜ਼ੀ ਦਿੰਦੇ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ। ਤੁਹਾਡੀ ਸਹਿਮਤੀ ਨਾਲ, ਕੋਈ ਹੋਰ ਵਿਅਕਤੀ ਤੁਹਾਡੀ ਥਾਂ 'ਤੇ ਅਰਜ਼ੀ ਦੇ ਸਕਦਾ ਹੈ ਜਾਂ ਬਿਰਧ ਦੇਖਭਾਲ ਲਈ ਤੁਹਾਨੂੰ ਰੈਫ਼ਰ ਕਰ ਸਕਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਅਸੀਂ ਉਸ ਵਿਅਕਤੀ ਤੋਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਾਂਗੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਅੱਗੇ ਸਾਂਝੀ ਕਰਦੇ ਹਾਂ?

ਜਦੋਂ ਤੁਸੀਂ ਬਿਰਧ ਦੇਖਭਾਲ ਲਈ ਅਰਜ਼ੀ ਦਿੰਦੇ ਹੋ ਜਾਂ ਤੁਹਾਨੂੰ ਰੈਫ਼ਰ ਕੀਤਾ ਜਾਂਦਾ ਹੈ, ਤਾਂ ਅਸੀਂ ਇਹ ਜਾਣਕਾਰੀ ਤੁਹਾਡੇ My Aged Care ਨਿੱਜੀ ਰਿਕਾਰਡ ਵਿੱਚ ਸਟੋਰ ਕਰਦੇ ਹਾਂ। ਇਹ ਜਾਣਕਾਰੀ *Aged Care Act 2024* ਦੇ ਅਧੀਨ ਸੁਰੱਖਿਅਤ ਹੈ।

ਜਦੋਂ Aged Care Act ਦੁਆਰਾ ਆਗਿਆ ਦਿੱਤੀ ਜਾਂਦੀ ਹੈ, ਤਾਂ ਅਸੀਂ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਦੇ ਸੰਬੰਧ ਵਿੱਚ ਤੁਹਾਡੇ ਰਿਕਾਰਡ ਵਿੱਚ ਮੌਜੂਦ ਜਾਣਕਾਰੀ ਨੂੰ ਹੋਰ ਧਿਰਾਂ ਨਾਲ ਸਾਂਝਾ ਕਰ ਸਕਦੇ ਹਾਂ। ਇਨ੍ਹਾਂ ਧਿਰਾਂ ਵਿੱਚ ਸ਼ਾਮਲ ਹਨ:

- Services Australia
- Department of Veterans' Affairs
- National Disability Insurance Agency
- ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣਕਰਤਾ
- ਬਿਰਧ ਦੇਖਭਾਲ ਪ੍ਰਦਾਤਾ ਨਾਲ
- ਸਿਹਤ ਸੰਭਾਲ ਪੇਸ਼ੇਵਰ
- ਤੁਹਾਡਾ ਸਹਾਇਕ ਜਾਂ ਕਾਨੂੰਨੀ ਨੁਮਾਇੰਦਾ, ਜੇਕਰ ਤੁਹਾਡੇ ਕੋਲ ਕੋਈ ਹੋਵੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਇਨ੍ਹਾਂ ਹਾਲਾਤਾਂ ਵਿੱਚ ਵੀ ਕਰ ਸਕਦੇ ਹਾਂ:

- ਤੁਹਾਡੀ ਸਹਿਮਤੀ ਨਾਲ
- ਜਾਂ ਜਿੱਥੇ *Aged Care Act 2024* ਦੇ ਅਧੀਨ ਕਿਸੇ ਹੋਰ ਤਰੀਕੇ ਨਾਲ ਆਗਿਆ ਹੋਵੇ।

ਤੁਹਾਡੀ ਨਿੱਜੀ ਜਾਣਕਾਰੀ ਦਾ ਵਿਦੇਸ਼ ਵਿੱਚ ਖੁਲਾਸਾ

ਅਸੀਂ ਆਮ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਆਸਟ੍ਰੇਲੀਆ ਤੋਂ ਬਾਹਰ ਸਿਰਫ਼ ਤਾਂ ਹੀ ਕਰਾਂਗੇ, ਜੇਕਰ ਤੁਸੀਂ ਜਾਂ ਤੁਹਾਡਾ ਸਹਾਇਕ My Aged Care ਨੂੰ ਕਾਲ ਕਰਦੇ ਹੋ, My Aged Care ਔਨਲਾਈਨ ਖਾਤੇ ਰਾਹੀਂ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਦੇ ਹੋ, ਜਾਂ ਕਿਸੇ ਹੋਰ ਤਰੀਕੇ ਨਾਲ ਈਮੇਲ ਜਾਂ SMS ਰਾਹੀਂ ਸਾਡੇ ਤੋਂ ਜਾਣਕਾਰੀ ਪ੍ਰਾਪਤ ਕਰਦੇ ਹੋ ਜਦੋਂ ਤੁਸੀਂ ਜਾਂ ਉਹ ਵਿਦੇਸ਼ ਵਿੱਚ ਹੁੰਦੇ ਹੋ। ਆਮ ਤੌਰ 'ਤੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ੀ ਪ੍ਰਾਪਤਕਰਤਾਵਾਂ ਨਾਲ ਸਾਂਝੀ ਨਹੀਂ ਕਰਾਂਗੇ।

ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪ੍ਰਾਪਤ ਕਰ ਸਕਦੇ ਹੋ ਜਾਂ ਠੀਕ ਕਰ ਸਕਦੇ ਹੋ?

ਜੇਕਰ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਉਸ ਨੂੰ ਠੀਕ ਕਰਨ ਦੀ ਲੋੜ ਹੈ, ਤਾਂ ਤੁਸੀਂ ਇਨ੍ਹਾਂ ਤਰੀਕਿਆਂ ਰਾਹੀਂ ਕਰ ਸਕਦੇ ਹੋ:

- ਆਪਣੇ My Aged Care ਔਨਲਾਈਨ ਖਾਤੇ ਨੂੰ ਅੱਪਡੇਟ ਕਰਕੇ
- My Aged Care ਨੂੰ 1800 200 422 'ਤੇ ਫ਼ੋਨ ਕਰਕੇ
- ਕਿਸੇ Services Australia ਸੇਵਾ ਕੇਂਦਰ 'ਤੇ ਜਾ ਕੇ ਅਤੇ Aged Care Specialist Officer ਨਾਲ ਗੱਲ ਕਰਕੇ।

ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ ਅਤੇ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਲਈ My Aged Care ਦੀ ਗੁਪਤਤਾ ਨੀਤੀ ਵੇਖੋ।

ਬਿਰਧ ਦੇਖਭਾਲ ਲੋੜਾਂ ਦਾ ਮੁਲਾਂਕਣ

ਇਹ ਗੁਪਤਤਾ ਨੋਟਿਸ ਦੱਸਦਾ ਹੈ ਕਿ Department of Health, Disability and Ageing (ਵਿਭਾਗ) ਕਿਸੇ ਮੁਲਾਂਕਣ ਸੰਸਥਾ ਰਾਹੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦਾ ਹੈ। ਵਿਭਾਗ ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣ ਕਰਵਾਉਣ ਲਈ ਮੁਲਾਂਕਣ ਸੰਸਥਾ ਨਾਲ ਠੇਕਾ ਕਰਦਾ ਹੈ।

ਜਦੋਂ ਤੁਸੀਂ ਮੁਲਾਂਕਣ ਦੌਰਾਨ ਕਿਸੇ ਮੁਲਾਂਕਣਕਰਤਾ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਤੀਜੀਆਂ ਧਿਰਾਂ ਤੋਂ ਵੀ ਇਕੱਠੀ ਕਰਦੇ ਹਾਂ, ਜਿਵੇਂ ਕਿ ਪਰਿਵਾਰਕ ਮੈਂਬਰ ਜਾਂ ਸਿਹਤ ਸੰਭਾਲ ਪੇਸ਼ੇਵਰ, ਜਿਨ੍ਹਾਂ ਨਾਲ ਮੁਲਾਂਕਣਕਰਤਾ ਤੁਹਾਡੀਆਂ ਲੋੜਾਂ ਬਾਰੇ ਗੱਲ ਕਰਦਾ ਹੈ।

ਇਸ ਜਾਣਕਾਰੀ ਦੀ ਇਕੱਠੀ ਕਰਨ ਦੀ ਮੰਨਜ਼ੂਰੀ *Aged Care Act 2024* ਦੇ ਅਧੀਨ ਪ੍ਰਾਪਤ ਹੈ।

ਵਿਭਾਗ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦਾ ਹੈ?

ਵਿਭਾਗ ਬਿਰਧ ਦੇਖਭਾਲ ਲੋੜਾਂ ਦਾ ਮੁਲਾਂਕਣ ਜਾਂ ਬਿਰਧ ਦੇਖਭਾਲ ਲੋੜਾਂ ਦਾ ਮੁੜ-ਮੁਲਾਂਕਣ ਕਰਨ ਦੇ ਉਦੇਸ਼ ਲਈ ਤੁਹਾਡੀ ਸਿਹਤ, ਭਲਾਈ, ਸਹਾਇਤਾਵਾਂ, ਵਿੱਤੀ ਅਤੇ ਕਾਨੂੰਨੀ ਮਾਮਲਿਆਂ, ਅਤੇ ਘਰ ਅਤੇ ਨਿੱਜੀ ਸੁਰੱਖਿਆ ਨਾਲ ਸੰਬੰਧਿਤ ਨਿੱਜੀ ਜਾਣਕਾਰੀ ਇਕੱਠੀ ਕਰਦਾ ਹੈ। ਅਸੀਂ ਇਹ ਇਸ ਲਈ ਕਰਦੇ ਹਾਂ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਤੁਹਾਨੂੰ ਕਿਹੜੀਆਂ ਬਿਰਧ ਦੇਖਭਾਲ ਸੇਵਾਵਾਂ ਦੀ ਲੋੜ ਹੈ ਅਤੇ ਇਹ ਸੇਵਾਵਾਂ ਤੁਹਾਨੂੰ ਕਿੰਨੀ ਜਲਦੀ ਲੋੜੀਂਦੀਆਂ ਹਨ। ਇਸ ਤੋਂ ਇਲਾਵਾ, ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਹੋਰ ਉਦੇਸ਼ਾਂ ਲਈ ਵੀ ਵਰਤ ਸਕਦੇ ਹਾਂ, ਜਿਵੇਂ ਕਿ ਤੁਹਾਨੂੰ ਲੋੜੀਂਦੀਆਂ ਕਿਸੇ ਵੀ ਸਹਾਇਤਾਵਾਂ ਅਤੇ ਬਿਰਧ ਦੇਖਭਾਲ ਸੇਵਾਵਾਂ ਦਾ ਪ੍ਰਬੰਧਨ ਕਰਨਾ।

ਬਿਰਧ ਦੇਖਭਾਲ ਸੇਵਾ ਦਾ ਪ੍ਰਬੰਧਨ ਕਰਨ ਅਤੇ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਵੀ, ਅਸੀਂ Services Australia ਤੋਂ ਤੁਹਾਡੇ ਵੱਲੋਂ ਪ੍ਰਾਪਤ ਕੀਤੀਆਂ ਬਿਰਧ ਦੇਖਭਾਲ ਸੇਵਾਵਾਂ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹਾਂ।

ਜੇਕਰ ਤੁਸੀਂ ਲੋੜੀਂਦੀ ਸਾਰੀ ਨਿੱਜੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਜਾਂ ਪ੍ਰਦਾਨ ਕਰਨ ਦੇ ਯੋਗ ਨਹੀਂ ਹੋ, ਤਾਂ ਮੁਲਾਂਕਣਕਰਤਾ ਕੋਲ ਤੁਹਾਡੀਆਂ ਲੋੜਾਂ ਦੀ ਸਹੀ ਝਲਕ ਨਹੀਂ ਹੋਵੇਗੀ ਅਤੇ ਉਹ ਸ਼ਾਇਦ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਦੇ ਪੱਧਰ, ਕਿਸਮ ਜਾਂ ਤੁਰੰਤਤਾ ਦਾ ਪਤਾ ਲਗਾਉਣ ਵਿੱਚ ਅਸਮਰੱਥ ਹੋ ਸਕਦਾ ਹੈ। ਸ਼ਾਇਦ ਮੁਲਾਂਕਣਕਰਤਾ ਤੁਹਾਨੂੰ ਲੋੜੀਂਦੀਆਂ ਬਿਰਧ ਦੇਖਭਾਲ ਸੇਵਾਵਾਂ ਨਿਰਧਾਰਤ ਕਰਨ ਲਈ ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣ ਜਾਂ ਮੁੜ-ਮੁਲਾਂਕਣ ਨਾਲ ਅੱਗੇ ਵਧਣ ਦੇ ਯੋਗ ਨਾ ਹੋਵੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਅੱਗੇ ਸਾਂਝੀ ਕਰਦੇ ਹਾਂ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਬਿਰਧ ਦੇਖਭਾਲ ਜਾਂ ਸਿਹਤ ਸੇਵਾ ਪ੍ਰਦਾਤਾਵਾਂ, Services Australia ਅਤੇ ਰਾਜ ਅਤੇ ਟੈਰੀਟਰੀ ਸੇਵਾਵਾਂ ਨਾਲ ਸਾਂਝਾ ਕਰ ਸਕਦੇ ਹਾਂ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਸਿਰਫ਼ ਤੁਹਾਡੀ ਸਹਿਮਤੀ ਨਾਲ ਜਾਂ ਜਿੱਥੇ *Aged Care Act 2024* ਦੇ ਅਧੀਨ ਆਗਿਆ ਹੋਵੇ, ਉੱਥੇ ਹੀ ਕਰਾਂਗੇ।

ਜਦੋਂ Aged Care Act ਦੁਆਰਾ ਆਗਿਆ ਦਿੱਤੀ ਜਾਂਦੀ ਹੈ, ਤਾਂ ਅਸੀਂ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਦੇ ਸੰਬੰਧ ਵਿੱਚ ਤੁਹਾਡੇ ਰਿਕਾਰਡ ਵਿੱਚ ਮੌਜੂਦ ਜਾਣਕਾਰੀ ਨੂੰ ਹੋਰ ਧਿਰਾਂ ਨਾਲ ਸਾਂਝਾ ਕਰ ਸਕਦੇ ਹਾਂ। ਇਨ੍ਹਾਂ ਧਿਰਾਂ ਵਿੱਚ ਸ਼ਾਮਲ ਹਨ:

- Services Australia
- Department of Veterans' Affairs
- National Disability Insurance Agency
- ਬਿਰਧ ਦੇਖਭਾਲ ਲੋੜਾਂ ਦੇ ਮੁਲਾਂਕਣਕਰਤਾ
- ਬਿਰਧ ਦੇਖਭਾਲ ਪ੍ਰਦਾਤਾ ਨਾਲ
- ਸਿਹਤ ਸੰਭਾਲ ਪੇਸ਼ੇਵਰ
- ਤੁਹਾਡਾ ਸਹਾਇਕ ਜਾਂ ਕਾਨੂੰਨੀ ਨੁਮਾਇੰਦਾ, ਜੇਕਰ ਤੁਹਾਡੇ ਕੋਲ ਕੋਈ ਹੋਵੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਇਨ੍ਹਾਂ ਹਾਲਾਤਾਂ ਵਿੱਚ ਵੀ ਕਰ ਸਕਦੇ ਹਾਂ:

- ਤੁਹਾਡੀ ਸਹਿਮਤੀ ਨਾਲ
- ਜਾਂ ਜਿੱਥੇ *Aged Care Act 2024* ਦੇ ਅਧੀਨ ਕਿਸੇ ਹੋਰ ਤਰੀਕੇ ਨਾਲ ਆਗਿਆ ਹੋਵੇ।

ਤੁਹਾਡੀ ਨਿੱਜੀ ਜਾਣਕਾਰੀ ਦਾ ਵਿਦੇਸ਼ ਵਿੱਚ ਖੁਲਾਸਾ

ਜੇਕਰ ਤੁਹਾਡੇ ਕੋਲ ਕੋਈ ਸਹਾਇਕ ਹੈ ਜੋ ਵਿਦੇਸ਼ ਤੋਂ ਤੁਹਾਡੇ ਔਨਲਾਈਨ ਖਾਤੇ ਤੱਕ ਪਹੁੰਚ ਕਰ ਸਕਦਾ ਹੈ, ਤਾਂ Privacy Act ਅਤੇ APPs [ਆਸਟ੍ਰੇਲੀਆ ਦੇ ਗੁਪਤਤਾ ਸੰਬੰਧੀ ਸਿਧਾਂਤ] ਹੇਠ ਪ੍ਰਾਪਤ ਕਾਨੂੰਨੀ ਸੁਰੱਖਿਆਵਾਂ ਲਾਗੂ ਨਹੀਂ ਹੋ ਸਕਦੀਆਂ ਹਨ। ਸਹਾਇਕਾਂ ਨੂੰ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਸਿਰਫ਼ ਬਿਰਧ ਦੇਖਭਾਲ ਸੰਬੰਧੀ ਤੁਹਾਡੀ ਸਹਾਇਤਾ ਕਰਨ ਲਈ ਹੀ ਕਰਨੀ ਚਾਹੀਦੀ ਹੈ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਿਸੇ ਹੋਰ ਵਿਦੇਸ਼ੀ ਪ੍ਰਾਪਤਕਰਤਾਵਾਂ ਨਾਲ ਨਹੀਂ ਕਰਾਂਗੇ।

ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪ੍ਰਾਪਤ ਕਰ ਸਕਦੇ ਹੋ ਜਾਂ ਠੀਕ ਕਰ ਸਕਦੇ ਹੋ?

ਤੁਸੀਂ ਆਪਣੀ My Aged Care ਔਨਲਾਈਨ ਖਾਤੇ ਰਾਹੀਂ ਸਾਡੇ ਕੋਲ ਮੌਜੂਦ ਆਪਣੀ ਕੁਝ ਨਿੱਜੀ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹੋ ਅਤੇ ਉਸ ਨੂੰ ਠੀਕ ਕਰ ਸਕਦੇ ਹੋ। ਹੇਠ ਲਿਖਿਆਂ ਬਾਰੇ ਹੋਰ ਜਾਣਕਾਰੀ ਲਈ My Aged Care ਦੀ ਗੁਪਤਤਾ ਨੀਤੀ ਵੇਖੋ:

- ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੇ ਹਾਂ?
- ਤੁਸੀਂ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਉਸ ਨੂੰ ਠੀਕ ਕਰਨ ਲਈ ਕਿਵੇਂ ਬੇਨਤੀ ਕਰ ਸਕਦੇ ਹੋ?
- ਤੁਸੀਂ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਕਰ ਸਕਦੇ ਹੋ?

ਸੰਪਰਕ ਵੇਰਵੇ

ਜੇਕਰ ਤੁਸੀਂ ਇਸ ਨੋਟਿਸ ਸੰਬੰਧੀ ਪ੍ਰਸ਼ਨਾਂ ਸਮੇਤ ਗੁਪਤਤਾ ਨਾਲ ਜੁੜੇ ਕਿਸੇ ਮਾਮਲੇ ਬਾਰੇ ਵਿਭਾਗ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠ ਲਿਖੇ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ ਵਿਭਾਗ ਦੇ Privacy Officer [ਪ੍ਰਾਈਵੇਸੀ ਅਫ਼ਸਰ] ਨਾਲ ਸੰਪਰਕ ਕਰੋ:

- ਡਾਕ ਰਾਹੀਂ: Privacy Officer, Department of Health, Disability and Ageing,
  23 Furzer Street, WODEN ACT 2606
- ਈਮੇਲ ਰਾਹੀਂ: privacy@health.gov.au
- ਟੈਲੀਫ਼ੋਨ ਰਾਹੀਂ: 02 6289 1555